## ਹੋਮਿਓਪੈਥਿਕ ਵਿਭਾਗ ਪੰਜਾਬ, ਚੰਡੀਗੜ੍ਹ

## ਅਨੁਲੱਗ-3

ਸੂਚਨਾ ਦੇ ਅਧਿਕਾਰ ਐਕਟ-2005 ਦੀ ਧਾਰਾ 4 (1)(ਬੀ)(v) ਤਹਿਤ ਦਰਸਾਈ ਗਏ ਵਿਸਿਆਂ ਸਬੰਧੀ ਸੂਚਨਾ ਨੂੰ ਪ੍ਰਕਾਸ਼ਿਤ ਕਰਨਾ ।

(ਰੂਲਜ, ਰੈਗੂਲੇਸਨਜ਼, ਹਦਾਇਤਾਂ, ਮੈਨੂਅਲਜ਼ ਅਤੇ ਰਿਕਾਰਡ ਜਿਹੜਾ ਕਿ ਸੰਸਥਾ ਪਾਸ ਹੈ ਅਤੇ ਜਿਸਦੇ ਅਧਾਰ ਤੇ ਕਰਮਚਾਰੀ ਆਪਣੇ ਫਰਜ ਨਿਭਾਉਂਦੇ ਹਨ )

**ਵਿਭਾਗ ਦਾ ਨਾਂ: ਹੋਮਿਓਪੈਥਿਕ ਵਿਭਾਗ ਪੰਜਾਬ, ਚੰਡੀਗੜ੍ਹ ।**

---

ਪੰਜਾਬ ਸਰਕਾਰ ਗਜ਼ਟ ਨਵੰਬਰ 23, 2001 (ਕੇ ਆਰ.ਟੀ.ਕੇ-2, 1923 ਸਾਕਾ ) 1325

ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਹੋਮਿਓਪੈਥਿਕ ਸਿਸਟਮ ਆਫ ਮੈਡੀਸਨ)

(ਸਿਹਤ-2 ਸਾਖਾ)

**ਨੋਟੀਫਿਕੇਸ਼ਨ**

30 ਅਕਤੂਬਰ, 2001

ਨੰ: ਜੀ.ਐਸ.ਆਰ.108/ਕਾਸਟ/ਆਰਟ 309/2001- ਭਾਰਤ ਦੇ ਸੰਵਿਧਾਨ ਦੇ ਆਰਟੀਕਲ 309 ਦੇ ਉਪਬੰਧ ਦੇ ਅਧਿਕਾਰ ਦੀ ਵਰਤੋਂ ਅਤੇ ਇਸ ਸਬੰਧ ਵਿੱਚ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾਂ ਪੂਰਵਕ ਹੇਠ ਲਿਖੇ ਨਿਯਮ ਪੰਜਾਬ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਏ) ਸੇਵਾਵਾਂ ਵਿੱਚ ਲਗਾਏ ਜਾਣ ਵਾਲੇ ਵਿਅਕਤੀਆਂ ਦੀ ਸੇਵਾ ਸਰਤਾਂ ਅਤੇ ਭਰਤੀ ਦੀ ਸ਼ਰਤਾਂ ਨੂੰ ਨਿਯਮਤ ਕਰਨ ਲਈ ਬਣਾਏ ਜਾਂਦੇ ਹਨ, ਅਰਥਾਤ :-

**ਨਿਯਮ**

**(1) ਸੰਖੇਪ ਨਾਮ, ਸ਼ੁਰੂਆਤ ਅਤੇ ਲਾਗੂ ਹੋਣਾ - (1) ਇਨ੍ਹਾਂ ਨਿਯਮਾਂ ਨੂੰ ਪੰਜਾਬ ਸਿਹਤ ਤੇ ਪਰਿਵਾਰ ਭਲਾਈ (ਹੋਮਿਓਪੈਥਿਕ ਸਿਸਟਮ ਆਫ ਮੈਡੀਸਨ) ਗਰੁੱਪ-ਏ ਸੇਵਾ ਨਿਯਮ, 2001 ਕਿਹਾ ਜਾਵੇਗਾ।**

(2) ਇਹ ਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਅਤੇ ਇਸ ਤੋਂ ਬਾਅਦ ਦੀ ਮਿਤੀ ਤੋਂ ਲਾਗੂ ਹੋਣਗੇ ।

(3) ਇਹ ਅਨੁਲੱਗ ਏ ਵਿੱਚ ਦਿੱਤੀਆ ਗਈਆਂ ਅਸਾਮੀਆਂ ਤੇ ਲਾਗੂ ਹੋਣਗੇ ।

(2) ਪਰਿਭਾਸ਼ਾਂ:- ਇਨ੍ਹਾਂ ਨਿਯਮਾਂ ਦੇ ਪ੍ਰਸੰਗ ਵਿੱਚ ਜੇਕਰ ਹੋਰ ਲੋੜ ਨਾ ਸਮਝੀ ਜਾਵੇ :-

**(ਏ)** ਅਨੁਲੱਗ ਦਾ ਅਰਥ ਹੈ ਇਨ੍ਹਾਂ ਨਿਯਮਾਂ ਨਾਲ ਲਗਾਇਆ ਗਿਆ ਅਨੁਲੱਗ।

(ਬੀ) ਸਰਕਾਰ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ

(ਸੀ) ਸੇਵਾ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਏ ਸੇਵਾ ।

(3) **ਅਸਾਮੀਆਂ ਦੀ ਗਿਣਤੀ ਅਤੇ ਪ੍ਰਕਿਰਤੀ –** ਅਨੁਲੱਗ-ਏ ਵਿੱਚ ਦਰਸਾਈ ਗਈ ਅਸਾਮੀਆਂ ਇਸ ਸੇਵਾ ਵਿੱਚ ਸਾਮਲ ਹੋਣਗੀਆਂ ।

ਬਾਸ਼ਰਤੇ ਕਿ ਇਨ੍ਹਾਂ ਨਿਯਮਾਂ ਦਾ ਅਸਰ ਸਰਕਾਰ ਦੀ ਅੰਦਰੂਨੀ ਸ਼ਕਤੀਆਂ ਤੇ ਨਹੀਂ ਪਵੇਗਾ ਜਿਨ੍ਹਾਂ ਅਨੁਸਾਰ ਉਹ ਕਿਸੇ ਅਸਾਮੀਆਂ ਨੂੰ ਵਧਾ ਜਾਂ ਘਟਾ ਸਕਦੀ ਹੈ ਜਾਂ ਵੱਖ ਨਵੇਂ ਅਹੁਦੇ ਅਤੇ ਤਨਖਾਹ ਸਕੇਲ ਵਿੱਚ ਪੱਕੀ ਜਾਂ ਆਰਜੀ ਅਸਾਮੀ ਦੀ ਰਚਨਾ ਕਰ ਸਕਦੀ ਹੈ ।

(4) **ਨਿਯੁਕਤੀ ਅਧਿਕਾਰੀ** - ਸੇਵਾ ਵਿੱਚ ਨਿਯੁਕਤੀ ਸਰਕਾਰ ਵੱਲੋਂ ਕੀਤੀ ਜਾਵੇਗੀ ।

(5) **ਸੇਵਾ ਦੇ ਮੈਬਰਾਂ ਦੀ ਤਨਖਾਹ** - ਸੇਵਾ ਦੇ ਮੈਂਬਰ ਉਹ ਤਨਖਾਹ ਲੈਣ ਦੇ ਹੱਕਦਾਰ ਹੋਣਗੇ, ਜੋ ਕਿ ਵੱਖ-ਵੱਖ ਸਮੇਂ ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਕੀਤੀ ਜਾਵੇਗੀ । ਮੌਜੂਦਾ ਲਾਗੂ ਤਨਖਾਹ ਸਕੇਲ ਅਨੁਲੱਗ-ਏ ਵਿੱਚ ਦਿੱਤੇ ਗਏ ਹਨ ।

(6) **ਨਿਯੁਕਤੀ ਦਾ ਤਰੀਕਾ, ਯੋਗਤਾਵਾਂ ਅਤੇ ਤਜਰਬਾਂ** - ਸੇਵਾ ਵਿੱਚ ਨਿਯੁਕਤੀ ਅਨੁਲੱਗ-ਬੀ ਵਿੱਚ ਦਰਸਾਏ ਗਏ ਤਰੀਕੇ ਅਨੁਸਾਰ ਕੀਤੀ ਜਾਵੇਗੀ ।

ਬਾਸ਼ਰਤੇ ਕਿ ਜੇਕਰ ਤਰੱਕੀ ਰਾਹੀਂ ਨਿਯੁਕਤੀ ਅਤੇ ਸਿੱਧੀ ਨਿਯੁਕਤੀ ਰਾਹੀਂ ਯੋਗ ਉਮੀਦਵਾਰ ਉਪਲਬਧ ਨਾ ਹੋਣ ਤਾਂ ਸੇਵਾ ਵਿੱਚ ਨਿਯੁਕਤੀ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੇ ਵਿਅਕਤੀਆਂ ਰਾਹੀਂ ਬਦਲੀ ਰਾਹੀਂ ਕੀਤੀ ਜਾਵੇਗੀ, ਜੋ ਕਿ ਉਸੇ ਤਰ੍ਹਾਂ ਦੀ ਜਾਂ ਉਹੀ ਅਸਾਮੀ ਤੇ ਲੱਗੇ ਹੋਣ।

(1) ਕੋਈ ਵੀ ਵਿਅਕਤੀ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ, ਜੇਕਰ ਉਹ ਅਨੁਲੱਗ-ਬੀ ਵਿੱਚ ਦਰਸਾਈ ਯੋਗਤਾ ਅਤੇ ਤਜਰਬਾ ਨਹੀਂ ਰੱਖਦਾ ।

(2) ਸੇਵਾ ਵਿੱਚ ਤਰੱਕੀ ਰਾਹੀਂ ਨਿਯੁਕਤੀ ਸੀਨੀਆਰਤਾ ਅਤੇ ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ ਪਰ ਕੋਈ ਵਿਅਕਤੀ ਸਿਰਫ ਸੀਨੀਆਰਤਾ ਦੇ ਅਧਾਰ ਤੇ ਤਰੱਕੀ ਲਈ ਹੱਕਦਾਰ ਨਹੀਂ ਹੋਵੇਗਾ ।

**(7) ਅਨੁਸਾਸ਼ਨ , ਸਜਾਂ ਅਤੇ ਅਪੀਲ** -(1) ਸੇਵਾ ਦੇ ਮੈਂਬਰ ਅਨੁਸਾਸ਼ਨ, ਸਜਾਂ ਅਤੇ ਅਪੀਲ ਦੇ ਮਾਮਲਿਆਂ ਵਿੱਚ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਜੋ ਕਿ ਸਮੇਂ-ਸਮੇਂ ਤੇ ਸੋਧੇ ਜਾਂਦੇ ਹਨ, ਅਧੀਨ ਨਿਯਮਤ ਹੋਣਗੇ ।

(2) ਸੇਵਾ ਦੇ ਮੈਂਬਰਾਂ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਦੇ ਨਿਯਮ 5 ਅਧੀਨ ਦਰਸਾਈ ਸਜਾਂ ਦੇਣ ਦਾ ਅਧਿਕਾਰ ਸਰਕਾਰ ਕੋਲ ਹੋਵੇਗਾ ।

**(8) ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ, 1994 ਲਾਗੂ ਹੋਣ ਬਾਰੇ** - ਉਨ੍ਹਾਂ ਮਾਮਲਿਆਂ ਬਾਰੇ ਜੋ ਕਿ ਇਨ੍ਹਾਂ ਨਿਯਮਾਂ ਅਧੀਨ ਨਹੀਂ ਦਰਸਾਏ ਗਏ ਹਨ, ਸਬੰਧੀ ਸੇਵਾ ਦੇ ਮੈਂਬਰ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ 1994, ਸਮੇਂ-ਸਮੇਂ ਤੇ ਸੋਧੇ, ਸੇਵਾ ਦੇ ਮੈਂਬਰਾਂ ਲਈ ਲਾਗੂ ਹੋਣਗੇ।

(2) ਮੌਜੂਦਾ ਲਾਗੂ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ, 1994, ਅਨੁਲੱਗ -ਸੀ ਵਿੱਚ ਦਰਸਾਏ ਗਏ ਹਨ ।

**(9) ਵਿਆਖਿਆ** - ਜੇਕਰ ਇਨ੍ਹਾਂ ਨਿਯਮਾਂ ਦੀ ਵਿਆਖਿਆ ਸਬੰਧੀ ਕੋਈ ਪ੍ਰਸ਼ਨ ਉਠਦਾ ਹੈ, ਤਾਂ ਸਰਕਾਰ ਉਸ ਸਬੰਧੀ ਸਰਕਾਰ ਫੈਸਲਾ ਕਰੇਗੀ ।

## ਅਨੁਲੱਗ-ਏ

(ਨਿਯਮ-1(3), 3 ਅਤੇ 5 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਪੱਕੀ | ਆਰਜੀ | ਕੁੱਲ | ਤਨਖਾਹ ਸਕੇਲ (ਰੁਪਏ) |
|---|---|---|---|---|---|
| 1 | ਸਹਾਇਕ ਡਾਇਰੈਕਟਰ ਹੋਮਿਓਪੈਥੀ/ ਇੰਚਾਰਜ ਜਿਲਾ ਪੱਧਰ, ਸਰਕਾਰੀ ਹੋਮਿਓਪੈਥਿਕ ਡਿਸਪੈਸਰੀਆਂ | 15 | -- | 15 | 10025-275-10300-340-12000-375- 13500-400-15100 |
| 2 | ਹੋਮਿਓਪੈਥਿਕ ਮੈਡੀਕਲ ਅਫਸਰ | 94 | -- | 94 | 7220-220-8100-275-10300-340-11660 |

**ਅਨੁਲੱਗ-ਬੀ**

(ਨਿਯਮ- 6 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਨਿਯੁਕਤੀ ਲਈ ਪ੍ਰਤੀਸੱਤਤਾ ਰਾਹੀਂ | | ਨਿਯੁਕਤੀ ਲਈ ਯੋਗਤਾ ਅਤੇ ਤਜਰਬਾ | |
|---|---|---|---|---|---|
| | | ਸਿੱਧੀ ਨਿਯੁਕਤੀ | ਤਰੱਕੀ | ਸਿੱਧੀ ਨਿਯੁਕਤੀ | ਤਰੱਕੀ |
| 1 | ਸਹਾਇਕ ਡਾਇਰੈਕਟਰ ਹੋਮਿਓਪੈਥੀ/ ਇੰਚਾਰਜ ਜਿਲਾ ਪੱਧਰ, ਸਰਕਾਰੀ ਹੋਮਿਓਪੈਥਿਕ ਡਿਸਪੈਸਰੀਆਂ | -- | 100% | -- | ਉਨ੍ਹਾਂ ਹੋਮਿਓਪੈਥਿਕ ਮੈਡੀਕਲ ਅਫਸਰਾਂ ਵਿੱਚੋਂ ਜਿਨ੍ਹਾਂ ਦਾ ਹੋਮਿਓਪੈਥਿਕ ਡਿਸਪੈਸਰੀਆਂ ਵਿੱਚ ਘੱਟੋਂ-ਘੱਟ 10 ਸਾਲ ਦਾ ਤਜਰਬਾ ਹੋਵੇ । |
| 2 | ਹੋਮਿਓਪੈਥਿਕ ਮੈਡੀਕਲ ਅਫਸਰ | 100% | -- | (1)ਹੋਮਿਓਪੈਥਿਕ ਸੈਂਟਰਲ ਕੌਂਸਲ ਐਕਟ 1973 (ਸੈਂਟਰਲ ਐਕਟ 59 ਆਫ 1973) ਦੇ ਦੂਜੇ ਅਤੇ ਤੀਜੇ ਸਡਿਊਲ ਵਿੱਚ ਦਰਜ ਕਿਸੇ ਸੰਸਥਾਂ ਤੋਂ ਹੋਮਿਓਪੈਥਿਕ | -- |

| | | | | | |
|---|---|---|---|---|---|
| | | | | ਵਿੱਚ ਡਿਗਰੀ ਰੱਖਦਾ ਹੋਵੇ (2) ਹੋਮਿਓਪੈਥੀ ਦੇ ਕੇਂਦਰੀ ਜਾਂ ਰਾਜ ਰਜਿਸਟਰ ਵਿੱਚ ਨਾ ਦਰਜ ਹੋਵੇ । | |

ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਹੋਮਿਓਪੈਥਿਕ ਸਿਸਟਮ ਆਫ ਮੈਡੀਸਨ)

(ਸਿਹਤ-2 ਸਾਖਾ)

**ਨੋਟੀਫਿਕੇਸ਼ਨ**

30 ਅਕਤੂਬਰ, 2001

ਨੰ: ਜੀ.ਐਸ.ਆਰ.109/ਕਾਸਟ/ਆਰਟ 309/2001- ਭਾਰਤ ਦੇ ਸੰਵਿਧਾਨ ਦੇ ਆਰਟੀਕਲ 309 ਦੇ ਉਪਬੰਧ ਦੇ ਅਧਿਕਾਰ ਦੀ ਵਰਤੋਂ ਅਤੇ ਇਸ ਸਬੰਧ ਵਿੱਚ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾਂ ਪੂਰਵਕ ਹੇਠ ਲਿਖੇ ਨਿਯਮ ਪੰਜਾਬ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਬੀ) ਸੇਵਾਵਾਂ ਵਿੱਚ ਲਗਾਏ ਜਾਣ ਵਾਲੇ ਵਿਅਕਤੀਆਂ ਦੀ ਸੇਵਾ ਸਰਤਾਂ ਅਤੇ ਭਰਤੀ ਦੀ ਸ਼ਰਤਾਂ ਨੂੰ ਨਿਯਮਤ ਕਰਨ ਲਈ ਬਣਾਏ ਜਾਂਦੇ ਹਨ, ਅਰਥਾਤ :-

**ਨਿਯਮ**

(1) **ਸੰਖੇਪ ਨਾਮ, ਸ਼ੁਰੂਆਤ ਅਤੇ ਲਾਗੂ ਹੋਣਾ** - (1) ਇਨ੍ਹਾਂ ਨਿਯਮਾਂ ਨੂੰ ਪੰਜਾਬ ਸਿਹਤ ਤੇ ਪਰਿਵਾਰ ਭਲਾਈ (ਹੋਮਿਓਪੈਥਿਕ ਸਿਸਟਮ ਆਫ ਮੈਡੀਸਨ) ਗਰੁੱਪ-ਬੀ ਸੇਵਾ ਨਿਯਮ, 2001 ਕਿਹਾ ਜਾਵੇਗਾ।

(2) ਇਹ ਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਅਤੇ ਇਸ ਤੋਂ ਬਾਅਦ ਦੀ ਮਿਤੀ ਤੋਂ ਲਾਗੂ ਹੋਣਗੇ ।

(3) ਇਹ ਅਨੁਲੱਗ ਏ ਵਿੱਚ ਦਿੱਤੀਆ ਗਈਆਂ ਅਸਾਮੀਆਂ ਤੇ ਲਾਗੂ ਹੋਣਗੇ ।

(2) ਪਰਿਭਾਸ਼ਾਂ:- ਇਨ੍ਹਾਂ ਨਿਯਮਾਂ ਦੇ ਪ੍ਰਸੰਗ ਵਿੱਚ ਜੇਕਰ ਹੋਰ ਲੋੜ ਨਾ ਸਮਝੀ ਜਾਵੇ :-

**(ਏ)** ਅਨੁਲੱਗ ਦਾ ਅਰਥ ਹੈ ਇਨ੍ਹਾਂ ਨਿਯਮਾਂ ਨਾਲ ਲਗਾਇਆ ਗਿਆ ਅਨੁਲੱਗ।

(ਬੀ) ਸਰਕਾਰ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ

(ਸੀ) ਵਿਭਾਗ ਦਾ ਮੁੱਖੀ ਦਾ ਅਰਥ ਹੈ ਉਹ ਅਫਸਰ ਜਿਸ ਕੋਲ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਦਾ ਚਾਰਜ ਹੋਵੇ।

(ਡੀ) ਸੇਵਾ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਬੀ ਸੇਵਾ ।

(3) **ਅਸਾਮੀਆਂ ਦੀ ਗਿਣਤੀ ਅਤੇ ਪ੍ਰਕਿਰਤੀ -** ਅਨੁਲੱਗ-ਏ ਵਿੱਚ ਦਰਸਾਈ ਗਈ ਅਸਾਮੀਆਂ ਇਸ ਸੇਵਾ ਵਿੱਚ ਸਾਮਲ ਹੋਣਗੀਆਂ ।

ਬਾਸ਼ਰਤੇ ਕਿ ਇਨ੍ਹਾਂ ਨਿਯਮਾਂ ਦਾ ਅਸਰ ਸਰਕਾਰ ਦੀ ਅੰਦਰੂਨੀ ਸ਼ਕਤੀਆਂ ਤੇ ਨਹੀਂ ਪਵੇਗਾ ਜਿਨ੍ਹਾਂ ਅਨੁਸਾਰ ਉਹ ਕਿਸੇ ਅਸਾਮੀਆਂ ਨੂੰ ਵਧਾ ਜਾਂ ਘਟਾ ਸਕਦੀ ਹੈ ਜਾਂ ਵੱਖ ਨਵੇਂ ਅਹੁਦੇ ਅਤੇ ਤਨਖਾਹ ਸਕੇਲ ਵਿੱਚ ਪੱਕੀ ਜਾਂ ਆਰਜੀ ਅਸਾਮੀ ਦੀ ਰਚਨਾ ਕਰ ਸਕਦੀ ਹੈ ।

(4) **ਨਿਯੁਕਤੀ ਅਧਿਕਾਰੀ** - ਸੇਵਾ ਵਿੱਚ ਨਿਯੁਕਤੀ ਵਿਭਾਗ ਦੇ ਮੁੱਖੀ ਵੱਲੋਂ ਕੀਤੀ ਜਾਵੇਗੀ ।

(5) **ਸੇਵਾ ਦੇ ਮੈਬਰਾਂ ਦੀ ਤਨਖਾਹ** - ਸੇਵਾ ਦੇ ਮੈਂਬਰ ਉਹ ਤਨਖਾਹ ਲੈਣ ਦੇ ਹੱਕਦਾਰ ਹੋਣਗੇ, ਜੋ ਕਿ ਵੱਖ-ਵੱਖ ਸਮੇਂ ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਕੀਤੀ ਜਾਵੇਗੀ । ਮੌਜੂਦਾ ਲਾਗੂ ਤਨਖਾਹ ਸਕੇਲ ਅਨੁਲੱਗ-ਏ ਵਿੱਚ ਦਿੱਤੇ ਗਏ ਹਨ ।

(6) **ਨਿਯੁਕਤੀ ਦਾ ਤਰੀਕਾ, ਯੋਗਤਾਵਾਂ ਅਤੇ ਤਜਰਬਾਂ** - ਸੇਵਾ ਵਿੱਚ ਨਿਯੁਕਤੀ ਅਨੁਲੱਗ-ਬੀ ਵਿੱਚ ਦਰਸਾਏ ਗਏ ਤਰੀਕੇ ਅਨੁਸਾਰ ਕੀਤੀ ਜਾਵੇਗੀ ।

ਬਾਸ਼ਰਤੇ ਕਿ ਜੇਕਰ ਤਰੱਕੀ ਰਾਹੀਂ ਨਿਯੁਕਤੀ ਅਤੇ ਸਿੱਧੀ ਨਿਯੁਕਤੀ ਰਾਹੀਂ ਯੋਗ ਉਮੀਦਵਾਰ ਉਪਲਬਧ ਨਾ ਹੋਣ ਤਾਂ ਸੇਵਾ ਵਿੱਚ ਨਿਯੁਕਤੀ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੇ ਵਿਅਕਤੀਆਂ ਰਾਹੀਂ ਬਦਲੀ ਰਾਹੀਂ ਕੀਤੀ ਜਾਵੇਗੀ, ਜੋ ਕਿ ਉਸੇ ਤਰ੍ਹਾਂ ਦੀ ਜਾਂ ਉਹੀ ਅਸਾਮੀ ਤੇ ਲੱਗੇ ਹੋਣ।

(2) ਕੋਈ ਵੀ ਵਿਅਕਤੀ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ, ਜੇਕਰ ਉਹ ਅਨੁਲੱਗ-ਬੀ ਵਿੱਚ ਦਰਸਾਈ ਯੋਗਤਾ ਅਤੇ ਤਜਰਬਾ ਨਹੀਂ ਰੱਖਦਾ ।

(3) ਸੇਵਾ ਵਿੱਚ ਤਰੱਕੀ ਰਾਹੀਂ ਨਿਯੁਕਤੀ ਸੀਨੀਆਰਤਾ ਅਤੇ ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ ਪਰ ਕੋਈ ਵਿਅਕਤੀ ਸਿਰਫ ਸੀਨੀਆਰਤਾ ਦੇ ਅਧਾਰ ਤੇ ਤਰੱਕੀ ਲਈ ਹੱਕਦਾਰ ਨਹੀਂ ਹੋਵੇਗਾ ।

(7) **ਅਨੁਸਾਸ਼ਨ , ਸਜਾਂ ਅਤੇ ਅਪੀਲ** -(1) ਸੇਵਾ ਦੇ ਮੈਂਬਰ ਅਨੁਸਾਸ਼ਨ, ਸਜਾਂ ਅਤੇ ਅਪੀਲ ਦੇ ਮਾਮਲਿਆਂ ਵਿੱਚ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਜੋ ਕਿ ਸਮੇਂ-ਸਮੇਂ ਤੇ ਸੋਧੇ ਜਾਂਦੇ ਹਨ, ਅਧੀਨ ਨਿਯਮਤ ਹੋਣਗੇ ।

(2) ਸੇਵਾ ਦੇ ਮੈਂਬਰਾਂ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਦੇ ਨਿਯਮ 5 ਅਧੀਨ ਦਰਸਾਈ ਸਜਾਂ ਦੇਣ ਦਾ ਅਧਿਕਾਰ ਸਰਕਾਰ ਕੋਲ ਹੋਵੇਗਾ ।

(8) **ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ,** 1994 **ਲਾਗੂ ਹੋਣ ਬਾਰੇ** - ਉਨ੍ਹਾਂ ਮਾਮਲਿਆਂ ਬਾਰੇ ਜੋ ਕਿ ਇਨ੍ਹਾਂ ਨਿਯਮਾਂ ਅਧੀਨ ਨਹੀਂ ਦਰਸਾਏ ਗਏ ਹਨ, ਸਬੰਧੀ ਸੇਵਾ ਦੇ ਮੈਂਬਰ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ 1994, ਸਮੇਂ-ਸਮੇਂ ਤੇ ਸੋਧੇ, ਸੇਵਾ ਦੇ ਮੈਂਬਰਾਂ ਲਈ ਲਾਗੂ ਹੋਣਗੇ।

(2) ਮੌਜੂਦਾ ਲਾਗੂ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ, 1994, ਅਨੁਲੱਗ -ਸੀ ਵਿੱਚ ਦਰਸਾਏ ਗਏ ਹਨ ।

(9) **ਵਿਆਖਿਆ** - ਜੇਕਰ ਇਨ੍ਹਾਂ ਨਿਯਮਾਂ ਦੀ ਵਿਆਖਿਆ ਸਬੰਧੀ ਕੋਈ ਪ੍ਰਸ਼ਨ ਉਠਦਾ ਹੈ, ਤਾਂ ਸਰਕਾਰ ਉਸ ਸਬੰਧੀ ਸਰਕਾਰ ਫੈਸਲਾ ਕਰੇਗੀ ।

---

**ਅਨੁਲੱਗ-ਏ**

(ਨਿਯਮ-1(3), 3 ਅਤੇ 5 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਪੱਕੀ | ਆਰਜੀ | ਕੁੱਲ | ਤਨਖਾਹ ਸਕੇਲ (ਰੁਪਏ) |
|---|---|---|---|---|---|
| 1 | ਸੁਪਰਡੰਟ ਗ੍ਰੇਡ-2 | 1 | -- | 1 | 6400-200-7000-220-8100-275-10300-340-10640 |

**ਅਨੁਲੱਗ-ਬੀ**

(ਨਿਯਮ- 6 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਨਿਯੁਕਤੀ ਲਈ ਪ੍ਰਤੀਸ਼ੱਤਤਾ ਰਾਹੀਂ | | ਨਿਯੁਕਤੀ ਲਈ ਯੋਗਤਾ ਅਤੇ ਤਜਰਬਾ | |
|---|---|---|---|---|---|
| | | ਤਰੱਕੀ ਨਿਯੁਕਤੀ | ਸਿੱਧੀ | ਤਰੱਕੀ ਨਿਯੁਕਤੀ | ਸਿੱਧੀ |
| 1 | ਸੁਪਰਡੰਟ ਗ੍ਰੇਡ-2 | 100% | -- | (1) ਵਿਭਾਗ ਦੇ ਮੁੱਖੀ ਅਧੀਨ ਸੀਨੀਅਰ ਸਹਾਇਕਾਂ ਵਿੱਚੋਂ ਜਿਨ੍ਹਾਂ ਦਾ ਕਿ ਘੱਟੋਂ-ਘੱਟ 8 ਸਾਲ ਦਾ ਤਜਰਬਾ ਹੋਵੇ। | -- |

ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਹੋਮਿਓਪੈਥਿਕ ਸਿਸਟਮ ਆਫ ਮੈਡੀਸਨ)

(ਸਿਹਤ-2 ਸਾਖਾ)

**ਨੋਟੀਫਿਕੇਸ਼ਨ**

30 ਅਕਤੂਬਰ, 2001

ਨੰ: ਜੀ.ਐਸ.ਆਰ.110/ਕਾਸਟ/ਆਰਟ 309/2001- ਭਾਰਤ ਦੇ ਸੰਵਿਧਾਨ ਦੇ ਆਰਟੀਕਲ 309 ਦੇ ਉਪਬੰਧ ਦੇ ਅਧਿਕਾਰ ਦੀ ਵਰਤੋਂ ਅਤੇ ਇਸ ਸਬੰਧ ਵਿੱਚ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾਂ ਪੂਰਵਕ ਹੇਠ ਲਿਖੇ ਨਿਯਮ ਪੰਜਾਬ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਸੀ) (ਮਨਿਸਟੀਰੀਅਲ) ਸੇਵਾਵਾਂ ਵਿੱਚ ਲਗਾਏ ਜਾਣ ਵਾਲੇ ਵਿਅਕਤੀਆਂ ਦੀ ਸੇਵਾ ਸਰਤਾਂ ਅਤੇ ਭਰਤੀ ਦੀ ਸ਼ਰਤਾਂ ਨੂੰ ਨਿਯਮਤ ਕਰਨ ਲਈ ਬਣਾਏ ਜਾਂਦੇ ਹਨ, ਅਰਥਾਤ :-

**ਨਿਯਮ**

(1) **ਸੰਖੇਪ ਨਾਮ, ਸੁਰੂਆਤ ਅਤੇ ਲਾਗੂ ਹੋਣਾ** - (1) ਇਨ੍ਹਾਂ ਨਿਯਮਾਂ ਨੂੰ ਪੰਜਾਬ ਸਿਹਤ ਤੇ ਪਰਿਵਾਰ ਭਲਾਈ (ਹੋਮਿਓਪੈਥਿਕ ਸਿਸਟਮ ਆਫ ਮੈਡੀਸਨ) ਗਰੁੱਪ-ਸੀ (ਮਨਿਸਟੀਰੀਅਲ) ਸੇਵਾ ਨਿਯਮ, 2001 ਕਿਹਾ ਜਾਵੇਗਾ।

(2) ਇਹ ਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਅਤੇ ਇਸ ਤੋਂ ਬਾਅਦ ਦੀ ਮਿਤੀ ਤੋਂ ਲਾਗੂ ਹੋਣਗੇ ।

(3) ਇਹ ਅਨੁਲੱਗ ਏ ਵਿੱਚ ਦਿੱਤੀਆ ਗਈਆਂ ਅਸਾਮੀਆਂ ਤੇ ਲਾਗੂ ਹੋਣਗੇ ।

(2) ਪਰਿਭਾਸ਼ਾਂ:- ਇਨ੍ਹਾਂ ਨਿਯਮਾਂ ਦੇ ਪ੍ਰਸੰਗ ਵਿੱਚ ਜੇਕਰ ਹੋਰ ਲੋੜ ਨਾ ਸਮਝੀ ਜਾਵੇ :-

**(ਏ)** ਅਨੁਲੱਗ ਦਾ ਅਰਥ ਹੈ ਇਨ੍ਹਾਂ ਨਿਯਮਾਂ ਨਾਲ ਲਗਾਇਆ ਗਿਆ ਅਨੁਲੱਗ।

(ਬੀ) ਸਰਕਾਰ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ

(ਸੀ) ਵਿਭਾਗ ਦਾ ਮੁੱਖੀ ਦਾ ਅਰਥ ਹੈ ਉਹ ਅਫਸਰ ਜਿਸ ਕੋਲ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਦਾ ਚਾਰਜ ਹੋਵੇ।

(ਡੀ) ਸੇਵਾ ਦਾ ਅਰਥ ਹੈ ਪੰਜਾਬ ਸਰਕਾਰ ਅਧੀਨ ਸਿਹਤ ਤੇ ਪਰਿਵਾਰ ਭਲਾਈ ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ-ਸੀ (ਮਨਿਸਟੀਰੀਅਲ) ਸੇਵਾ ।

(3) **ਅਸਾਮੀਆਂ ਦੀ ਗਿਣਤੀ ਅਤੇ ਪ੍ਰਕਿਰਤੀ -** ਅਨੁਲੱਗ-ਏ ਵਿੱਚ ਦਰਸਾਈ ਗਈ ਅਸਾਮੀਆਂ ਇਸ ਸੇਵਾ ਵਿੱਚ ਸਾਮਲ ਹੋਣਗੀਆਂ ।

ਬਾਸ਼ਰਤੇ ਕਿ ਇਨ੍ਹਾਂ ਨਿਯਮਾਂ ਦਾ ਅਸਰ ਸਰਕਾਰ ਦੀ ਅੰਦਰੂਨੀ ਸ਼ਕਤੀਆਂ ਤੇ ਨਹੀਂ ਪਵੇਗਾ ਜਿਨ੍ਹਾਂ ਅਨੁਸਾਰ ਉਹ ਕਿਸੇ ਅਸਾਮੀਆਂ ਨੂੰ ਵਧਾ ਜਾਂ ਘਟਾ ਸਕਦੀ ਹੈ ਜਾਂ ਵੱਖ ਨਵੇਂ ਅਹੁਦੇ ਅਤੇ ਤਨਖਾਹ ਸਕੇਲ ਵਿੱਚ ਪੱਕੀ ਜਾਂ ਆਰਜੀ ਅਸਾਮੀ ਦੀ ਰਚਨਾ ਕਰ ਸਕਦੀ ਹੈ ।

(4) **ਨਿਯੁਕਤੀ ਅਧਿਕਾਰੀ** - ਸੇਵਾ ਵਿੱਚ ਨਿਯੁਕਤੀ ਵਿਭਾਗ ਦੇ ਮੁੱਖੀ ਵੱਲੋਂ ਕੀਤੀ ਜਾਵੇਗੀ ।

(5) **ਸੇਵਾ ਦੇ ਮੈਬਰਾਂ ਦੀ ਤਨਖਾਹ** - ਸੇਵਾ ਦੇ ਮੈਂਬਰ ਉਹ ਤਨਖਾਹ ਲੈਣ ਦੇ ਹੱਕਦਾਰ ਹੋਣਗੇ, ਜੋ ਕਿ ਵੱਖ-ਵੱਖ ਸਮੇਂ ਪੰਜਾਬ ਸਰਕਾਰ ਵੱਲੋਂ ਪ੍ਰਮਾਣਿਤ ਕੀਤੀ ਜਾਵੇਗੀ । ਮੌਜੂਦਾ ਲਾਗੂ ਤਨਖਾਹ ਸਕੇਲ ਅਨੁਲੱਗ-ਏ ਵਿੱਚ ਦਿੱਤੇ ਗਏ ਹਨ ।

(6) **ਨਿਯੁਕਤੀ ਦਾ ਤਰੀਕਾ, ਯੋਗਤਾਵਾਂ ਅਤੇ ਤਜਰਬਾਂ** - ਸੇਵਾ ਵਿੱਚ ਨਿਯੁਕਤੀ ਅਨੁਲੱਗ-ਬੀ ਵਿੱਚ ਦਰਸਾਏ ਗਏ ਤਰੀਕੇ ਅਨੁਸਾਰ ਕੀਤੀ ਜਾਵੇਗੀ ।

ਬਾਸ਼ਰਤੇ ਕਿ ਜੇਕਰ ਤਰੱਕੀ ਰਾਹੀਂ ਨਿਯੁਕਤੀ ਅਤੇ ਸਿੱਧੀ ਨਿਯੁਕਤੀ ਰਾਹੀਂ ਯੋਗ ਉਮੀਦਵਾਰ ਉਪਲਬਧ ਨਾ ਹੋਣ ਤਾਂ ਸੇਵਾ ਵਿੱਚ ਨਿਯੁਕਤੀ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੇ ਵਿਅਕਤੀਆਂ ਰਾਹੀਂ ਬਦਲੀ ਰਾਹੀਂ ਕੀਤੀ ਜਾਵੇਗੀ, ਜੋ ਕਿ ਉਸੇ ਤਰ੍ਹਾਂ ਦੀ ਜਾਂ ਉਹੀ ਅਸਾਮੀ ਤੇ ਲੱਗੇ ਹੋਣ।

(2) ਕੋਈ ਵੀ ਵਿਅਕਤੀ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ, ਜੇਕਰ ਉਹ ਅਨੁਲੱਗ-ਬੀ ਵਿੱਚ ਦਰਸਾਈ ਯੋਗਤਾ ਅਤੇ ਤਜਰਬਾ ਨਹੀਂ ਰੱਖਦਾ ।

(3) ਸੇਵਾ ਵਿੱਚ ਤਰੱਕੀ ਰਾਹੀਂ ਨਿਯੁਕਤੀ ਸੀਨੀਆਰਤਾ ਅਤੇ ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ ਪਰ ਕੋਈ ਵਿਅਕਤੀ ਸਿਰਫ ਸੀਨੀਆਰਤਾ ਦੇ ਅਧਾਰ ਤੇ ਤਰੱਕੀ ਲਈ ਹੱਕਦਾਰ ਨਹੀਂ ਹੋਵੇਗਾ ।

(7) **ਅਨੁਸਾਸ਼ਨ , ਸਜਾਂ ਅਤੇ ਅਪੀਲ** -(1) ਸੇਵਾ ਦੇ ਮੈਂਬਰ ਅਨੁਸਾਸ਼ਨ, ਸਜਾਂ ਅਤੇ ਅਪੀਲ ਦੇ ਮਾਮਲਿਆਂ ਵਿੱਚ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਜੋ ਕਿ ਸਮੇਂ-ਸਮੇਂ ਤੇ ਸੋਧੇ ਜਾਂਦੇ ਹਨ, ਅਧੀਨ ਨਿਯਮਤ ਹੋਣਗੇ ।

(2) ਸੇਵਾ ਦੇ ਮੈਂਬਰਾਂ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ )ਨਿਯਮ 1970 ਦੇ ਨਿਯਮ 5 ਅਧੀਨ ਦਰਸਾਈ ਸਜਾਂ ਦੇਣ ਦਾ ਅਧਿਕਾਰ ਸਰਕਾਰ ਕੋਲ ਹੋਵੇਗਾ ।

(8) **ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ, 1994 ਲਾਗੂ ਹੋਣ ਬਾਰੇ** - ਉਨ੍ਹਾਂ ਮਾਮਲਿਆਂ ਬਾਰੇ ਜੋ ਕਿ ਇਨ੍ਹਾਂ ਨਿਯਮਾਂ ਅਧੀਨ ਨਹੀਂ ਦਰਸਾਏ ਗਏ ਹਨ, ਸਬੰਧੀ ਸੇਵਾ ਦੇ ਮੈਂਬਰ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ 1994, ਸਮੇਂ-ਸਮੇਂ ਤੇ ਸੋਧੇ, ਸੇਵਾ ਦੇ ਮੈਂਬਰਾਂ ਲਈ ਲਾਗੂ ਹੋਣਗੇ।

(2) ਮੌਜੂਦਾ ਲਾਗੂ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਅਤੇ ਸਧਾਰਣ ਸ਼ਰਤਾਂ) ਰੂਲਜ, 1994, ਅਨੁਲੱਗ -ਸੀ ਵਿੱਚ ਦਰਸਾਏ ਗਏ ਹਨ ।

(9) **ਵਿਆਖਿਆ** - ਜੇਕਰ ਇਨ੍ਹਾਂ ਨਿਯਮਾਂ ਦੀ ਵਿਆਖਿਆ ਸਬੰਧੀ ਕੋਈ ਪ੍ਰਸ਼ਨ ਉਠਦਾ ਹੈ, ਤਾਂ ਸਰਕਾਰ ਉਸ ਸਬੰਧੀ ਸਰਕਾਰ ਫੈਸਲਾ ਕਰੇਗੀ ।

**ਅਨੁਲੱਗ-ਏ**

(ਨਿਯਮ-1(3), 3 ਅਤੇ 5 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਪੱਕੀ | ਆਰਜੀ | ਕੁੱਲ | ਤਨਖਾਹ ਸਕੇਲ (ਰੁਪਏ) |
|---|---|---|---|---|---|
| 1 | ਹੋਮਿਓਪੈਥਿਕ ਡਿਸਪੈਸਰ | 107 | -- | 107 | 3330-110-3500-120-4260-5800-200-6200 |

---

**ਅਨੁਲੱਗ-ਬੀ**

(ਨਿਯਮ- 6 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਨਿਯੁਕਤੀ ਲਈ ਪ੍ਰਤੀਸੱਤਤਾ ਰਾਹੀਂ | | ਨਿਯੁਕਤੀ ਲਈ ਯੋਗਤਾ ਅਤੇ ਤਜਰਬਾ | |
|---|---|---|---|---|---|
| | | ਤਰੱਕੀ | ਸਿੱਧੀ | ਤਰੱਕੀ | ਸਿੱਧੀ |

| | | | | | |
|---|---|---|---|---|---|
| | | ਨਿਯੁਕਤੀ | | ਨਿਯੁਕਤੀ | |
| 1 | ਹੋਮਿਓਪੈਥਿਕ ਡਿਸਪੈਸਰ | -- | 100% | -- | (i) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਦੂਜੀ ਸ੍ਰੇਣੀ ਵਿੱਚ ਦਸਵੀਂ ਜਾਂ ਸੀਨੀਅਰ ਸੈਕੰਡਰੀ ਭਾਗ-2 ਪਾਸ ਹੋਣੀ ਚਾਹੀਦੀ ਹੈ।<br>(ii) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਹੋਮਿਓਪੈਥਿਕ ਡਿਸਪੈਸਰ ਦਾ ਡਿਪਲੋਮਾ , ਹੋਮਿਓਪੈਥੀ ਵਿੱਚ ਫਾਰਮਾਸਿਸਟ ਕੋਰਸ ਰੱਖਦਾ ਹੋਵੇ।<br>(iii) ਸਰਾਕਰੀ ਹੋਮਿਓਪੈਥਿਕ ਹਸਪਤਾਲ ਜਾਂ ਡਿਸਪੈਸਰੀ ਵਿੱਚ ਹੋਮਿਓਪੈਥਿਕ ਡਿਸਪੈਸਰ ਜਾਂ ਕੰਪਾਊਡਰ ਦਾ ਦੋ ਸਾਲ ਦਾ ਤਜਰਬਾ ਹੋਵੇ ।<br>ਜਾਂ<br>ਰਜਿਸਟਰਡ ਮੈਡੀਕਲ ਪ੍ਰੈਕਟੀਸਨਰ ਪੰਜਾਬ ਅਧੀਨ ਹੋਮਿਓਪੈਥਿਕ ਡਿਸਪੈਸਰ ਜਾਂ ਕੰਪਾਊਡਰ ਦਾ ਤਿੰਨ ਸਾਲ ਦਾ ਤਜਰਬਾ |

---

**ਅਨੁਲੱਗ-ਏ**

(ਨਿਯਮ-1(3), 3 ਅਤੇ 5 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਪੱਕੀ | ਆਰਜੀ | ਕੁੱਲ | ਤਨਖਾਹ ਸਕੇਲ (ਰੁਪਏ) |
|---|---|---|---|---|---|
| 1 | ਸੀਨੀਅਰ ਸਹਾਇਕ | 3 | -- | 3 | 5800-200-7000-220-8100-275-9200 |
| 2 | ਸਟੈਨੋ ਟਾਈਪਿਸਟ | 1 | -- | 1 | 3330-110-3600-120-4260-140-4400-150-5000-160-5800-200-6200 |
| 3 | ਕਲਰਕ | 18 | -- | 18 | 3120-100-3220-110-3660-120-4260-140-4400-150-5000-160-5160 |
| 4 | ਡਰਾਈਵਰ | 1 | -- | 1 | 3330-110-3600-120-4260-140-4400-150-5000-160-5800-200-6200 |

**ਅਨੁਲੱਗ-ਬੀ**

(ਨਿਯਮ- 6 ਵੇਖੋ)

| ਲੜੀ ਨੰ: | ਅਸਾਮੀ ਦਾ ਅਹੁਦਾ | ਨਿਯੁਕਤੀ ਲਈ ਪ੍ਰਤੀਸੱਤਤਾ ਰਾਹੀਂ | | ਨਿਯੁਕਤੀ ਲਈ ਯੋਗਤਾ ਅਤੇ ਤਜਰਬਾ | |
|---|---|---|---|---|---|
| | | ਤਰੱਕੀ ਨਿਯੁਕਤੀ | ਸਿੱਧੀ | ਤਰੱਕੀ ਨਿਯੁਕਤੀ | ਸਿੱਧੀ |
| 1 | ਸੀਨੀਅਰ ਸਹਾਇਕ | 100% | -- | ਉਨ੍ਹਾਂ ਕਲਰਕਾਂ ਵਿੱਚੋਂ ਜਿਨਾਂ ਦਾ ਘੱਟੋ -ਘੱਟ 5 ਸਾਲ ਦਾ ਕੰਮ ਕਰਨ ਦਾ ਤਜਰਬਾ ਹੋਵੇ। | -- |
| 2 | ਸਟੈਨੋ ਟਾਈਪਿਸਟ | -- | 100% | (i) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ | -- |

| | | | | | |
|---|---|---|---|---|---|
| | | | | ਸੰਸਥਾ ਤੋਂ ਦੂਜੀ ਸ਼੍ਰੇਣੀ ਵਿੱਚ ਦਸਵੀਂ ਪੰਜਾਬੀ ਵਿਸ਼ੇ ਨਾਲ ਜਾਂ ਸੀਨੀਅਰ ਸੈਕੰਡਰੀ ਭਾਗ-2 ਪਾਸ ਹੋਣੀ ਚਾਹੀਦੀ ਹੈ<br>ਅਤੇ<br>(ii) ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਨਿਰਧਾਰਤ ਕੀਤੀ ਗਈ ਟਾਈਪਿੰਗ ਸਪੀਡ ਜੋ ਕਿ ਨਿਯੁਕਤੀ ਅਧਿਕਾਰੀ ਜਾਂ ਬੋਰਡ ਵੱਲੋਂ ਲਏ ਗਏ ਸਟੈਨੋਗ੍ਰਾਫੀ ਦੇ ਪ੍ਰਤੀਯੋਗੀ ਟੈਸਟ ਵਿੱਚ ਪਾਸ ਹੋਣਾ ਚਾਹੀਦਾ ਹੈ। | |
| 3 | ਕਲਰਕ | 15% | 85% | (i) ਉਨ੍ਹਾਂ ਦਰਜਾਚਾਰ ਵਿੱਚੋਂ ਜਿਨਾਂ ਦਾ ਘੱਟੋ -ਘੱਟ 5 ਸਾਲ ਦਾ ਕੰਮ ਕਰਨ ਦਾ ਤਜਰਬਾ ਵਿਭਾਗ ਦੇ ਮੁੱਖੀ ਅਧੀਨ ਹੋਵੇ।<br>(ii) ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਨਿਰਧਾਰਤ ਕੀਤੀ ਗਈ ਟਾਈਪਿੰਗ ਸਪੀਡ ਜੋ ਕਿ ਨਿਯੁਕਤੀ ਅਧਿਕਾਰੀ | (i) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਦੂਜੀ ਸ਼੍ਰੇਣੀ ਵਿੱਚ ਦਸਵੀਂ ਪੰਜਾਬੀ ਵਿਸ਼ੇ ਨਾਲ ਜਾਂ ਸੀਨੀਅਰ ਸੈਕੰਡਰੀ |

| | | | | | |
|---|---|---|---|---|---|
| | | | | ਵੱਲੋਂ ਲਏ ਗਏ ਪੰਜਾਬੀ ਟਾਈਪਿੰਗ ਦੇ ਟੈਸਟ ਵਿੱਚ ਪਾਸ ਹੋਣਾ ਚਾਹੀਦਾ ਹੈ। | ਭਾਗ-2 ਪਾਸ ਹੋਣਾ ਚਾਹੀਦਾ ਹੈ । (ii) ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਨਿਰਧਾਰਤ ਕੀਤੀ ਗਈ ਟਾਈਪਿੰਗ ਸਪੀਡ ਜੋ ਕਿ ਨਿਯੁਕਤੀ ਅਧਿਕਾਰੀ ਜਾਂ ਬੋਰਡ ਵੱਲੋਂ ਲਏ ਗਏ ਪੰਜਾਬੀ ਟਾਈਪਿੰਗ ਦੇ ਟੈਸਟ ਵਿੱਚ ਪਾਸ ਹੋਣਾ ਚਾਹੀਦਾ ਹੈ। |
| 4 | ਡਰਾਈਵਰ | -- | 100% | -- | (i) ਮਿਡਲ ਸਟੈਂਡਰਡ ਦੀ ਪ੍ਰੀਖਿਆ ਪਾਸ ਹੋਣੀ ਚਾਹੀਦੀ ਹੈ। (ii) ਮੋਟਰ ਕਾਰ |

| | | | | | |
|---|---|---|---|---|---|
| | | | | | ਦਾ ਡਰਾਈਡਿੰਗ ਲਾਈਸੈਂਸ ਹੋਣਾ ਚਾਹੀਦਾ ਹੈ।<br>(iii) ਮੋਟਰ ਕਾਰ ਚਲਾਉਣ ਦਾ 5 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ। |